# Model Test Paper

## ਜਮਾਤ- ਦਸਵੀਂ

## ਵਿਸ਼ਾ- ਸਮਾਜਿਕ ਸਿੱਖਿਆ

## ਕੇਵਲ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ

## (2025-26)

**ਸਮਾਂ: 3 ਘੰਟੇ** **ਕੁੱਲ ਅੰਕ : 80**

(i) ਪ੍ਰਸ਼ਨ - ਪੱਤਰ 5 ਭਾਗਾਂ (ੳ, ਅ, ੲ, ਸ, ਹ) ਵਿੱਚ ਵੰਡਿਆ ਗਿਆ ਹੈ।

(ii) ਭਾਗ- ੳ ਪ੍ਰਸ਼ਨ ਨੰਬਰ 1 ਦੇ 10 ਉਪ ਭਾਗ ਹਨ। ਹਰ ਪ੍ਰਸ਼ਨ 2 ਅੰਕ ਦਾ ਹੈ।

(iii) ਭਾਗ- ਅ ਪ੍ਰਸ਼ਨ ਨੰਬਰ 2 ਦੇ 12 ਉਪ ਭਾਗ ਹਨ। ਹਰ ਪ੍ਰਸ਼ਨ 2 ਅੰਕ ਦਾ ਹੈ।

(iv) ਭਾਗ- ੲ ਪ੍ਰਸ਼ਨ ਨੰਬਰ 3 ਦੇ 6 ਉਪ ਭਾਗ ਹਨ। ਹਰੇਕ ਪ੍ਰਸ਼ਨ ਦਾ ਉੱਤਰ 25 – 30 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 3 ਅੰਕ ਦਾ ਹੈ।

(v) ਭਾਗ- ਸ ਪ੍ਰਸ਼ਨ ਨੰਬਰ 4 ਸਰੋਤ ਆਧਾਰਿਤ ਹੈ। ਇਸ ਵਿੱਚ ਚਾਰ ਪ੍ਰਸ਼ਨ ਹਨ। ਹਰ ਪ੍ਰਸ਼ਨ 3 ਅੰਕ ਦਾ ਹੈ।

(vii) ਭਾਗ- ਹ ਪ੍ਰਸ਼ਨ ਨੰਬਰ 5 ਮਾਨ - ਚਿੱਤਰ ਨਾਲ ਸੰਬੰਧਿਤ ਹੈ। ਇਸ ਵਿੱਚ ਦੋ ਉਪ ਭਾਗ ਹਨ। ਭੂਗੋਲ ਭਾਗ ਵਿੱਚੋਂ ਭਾਰਤ ਦੇ ਨਕਸ਼ੇ ਅਤੇ ਇਤਿਹਾਸ ਭਾਗ ਵਿੱਚੋਂ 1947 ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ 6-6 ਸਥਾਨਾਂ ਵਿੱਚੋਂ 3-3 ਸਥਾਨ ਭਰਨੇ ਹਨ। ਹਰੇਕ ਸਥਾਨ 1 ਅੰਕ ਦਾ ਹੈ।

**ਦੇਖਣ ਤੋਂ ਅਸਮਰਥ ਵਿਦਿਆਰਥੀਆਂ ਲਈ ਨਕਸ਼ੇ ਦੀ ਥਾਂ ਵੱਖਰਾ ਪ੍ਰਸ਼ਨ ਹੈ।**

### ਭਾਗ (ੳ)

### ਬਹੁ-ਵਿਕਲਪੀ ਪ੍ਰਸ਼ਨ

**1. ਸਹੀ ਵਿਕਲਪ ਦੀ ਚੋਣ ਕਰੋ। ਸਾਰੇ ਪ੍ਰਸ਼ਨ ਜ਼ਰੂਰੀ ਹਨ।** **10 x 2 = 20**

(i) ਜੈਵਿਕ ਭੂਗੋਲ ਕੀ ਹੈ?

(ੳ) ਜੀਵੰਤ ਵਸਤਾਂ ਦਾ ਵਿਆਪਕ ਅਧਿਅਨ (ਅ) ਸਿਰਫ਼ ਜੈਵਿਕ ਸੰਸਾਰ

(ੲ) ਸਿਰਫ਼ ਅਜੈਵਿਕ ਸੰਸਾਰ (ਸ) ੳ ਅਤੇ ੲ ਦੋਵੇਂ 2

(ii) ਭਾਰਤ ਵਿਚ ਸੰਸਾਰ ਦੇ ਕਿੰਨੇ ਫ਼ੀਸਦੀ ਨਵਿਆਉਣ ਯੋਗ ਜਲ ਸਾਧਨ ਹਨ?

(ੳ) 3 (ਅ) 4

(ੲ) 5 (ਸ) 7 2

(iii) ਰੂਹਰ ਘਾਟੀ ਕਿਸ ਦੇਸ਼ ਵਿੱਚ ਪੈਂਦੀ ਹੈ।

(ੳ) ਆਸਟੇਲੀਆ (ਅ) ਜਰਮਨੀ

(ੲ) ਜਾਪਾਨ (ਸ) ਭਾਰਤ 2

(iv) ਹੇਠ ਲਿਖਿਆਂ ਵਿੱਚੋਂ ਕਿਹੜਾ ਉਧਾਰ ਦਾ ਰਸਮੀ ਸਰੋਤ ਨਹੀਂ ਹੈ?

(ੳ) ਰਾਸ਼ਟਰੀਕ੍ਰਿਤ ਬੈਂਕ (ਅ) ਸਹਿਕਾਰੀ ਸਭਾਵਾਂ

(ੲ) ਨਿੱਜੀ ਬੈਂਕ (ਸ) ਮਹਾਜਨ 2

(v) ਭਾਰਤ ਵਿੱਚ ਹਰ ਸਾਲ ‘ਰਾਸ਼ਟਰੀ ਉਪਭੋਗਤਾ ਦਿਵਸ’ ਕਦੋਂ ਮਨਾਇਆ ਜਾਂਦਾ ਹੈ?

(ੳ) 15 ਅਗਸਤ (ਅ) 26 ਜਨਵਰੀ

(ੲ) 24 ਦਸੰਬਰ (ਸ) 15 ਮਾਰਚ 2

(vi) ਸੱਜਣ ਠੱਗ ਨਾਲ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕਿਸ ਸਥਾਨ 'ਤੇ ਹੋਈ?

(ੳ) ਪਟਨਾ (ਅ) ਸਿਆਲਕੋਟ

(ੲ) ਤਾਲੁੰਬਾ (ਸ) ਕਰਤਾਰਪੁਰ 2

(vii) ਭਾਈ ਲਹਿਣਾ ਕਿਸ ਗੁਰੂ ਜੀ ਦਾ ਪਹਿਲਾ ਨਾਮ ਸੀ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ

(ੲ) ਗੁਰੂ ਅਮਰ ਦਾਸ ਜੀ (ਸ) ਗੁਰੂ ਰਾਮ ਦਾਸ ਜੀ 2

(viii) ਖਾਲਸਾ ਦੀ ਸਾਜਨਾ ਕਦੋਂ ਹੋਈ?

(ੳ) 1666 ਈ. (ਅ) 1688 ਈ.

(ੲ) 1699 ਈ. (ਸ) 1705 ਈ. 2

(ix) ਕਿਹੜਾ ਦੇਸ਼ ਸਾਰਕ (SAARC) ਦਾ ਮੈਂਬਰ ਹੈ?

(ੳ) ਮਿਆਂਮਾਰ (ਅ) ਤਿਬੱਤ

(ੲ) ਮੈਡਗਾਸਕਰ (ਸ) ਅਫ਼ਗਾਨਿਸਤਾਨ 2

(x) ਕਿਹੜਾ ਸੰਚਾਰ ਸਾਧਨ ਆਮ ਤੌਰ 'ਤੇ ਲੋਕ ਸਾਧਨ ਨਹੀਂ ਹੈ?

(ੳ) ਰੇਡੀਓ (ਅ) ਅਖ਼ਬਾਰ

(ੲ) ਟੈਲੀਵਿਜ਼ਨ (ਸ) ਟੈਲੀਫ਼ੋਨ 2

## ਭਾਗ (ਅ)

**2. ਵਸਤੂਨਿਸ਼ਠ ਪ੍ਰਸ਼ਨ** **12 x 2 = 24**

**ੳ- ਖ਼ਾਲੀ ਥਾਵਾਂ ਭਰੋ:-**

(i) ਮਕਰਾਣਾ _______ ਰਾਜ ਵਿੱਚ ਸਥਿਤ ਹੈ। 2

(ii) ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਦੀ........... ਆਮਦਨ ਤੋਂ ਹੁੰਦਾ ਹੈ। 2

(iii) ਦੋ ਦਰਿਆਵਾਂ ਦੇ ਵਿਚਕਾਰਲੇ ਹਿੱਸੇ ਨੂੰ............ ਕਹਿੰਦੇ ਹਨ। 2

(iv) ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਅਤੇ................ ਚੁਣੀ ਸਰਕਾਰ ਹੈ। 2

**ਅ- ਸਹੀ/ਗ਼ਲਤ ਲਿਖੋ:-**

(v) ਨਿਰਮਾਣ ਖੇਤਰ ਨੂੰ ਵਿਕਾਸ ਦੀ ਰੀੜ੍ਹ ਕਿਹਾ ਜਾਂਦਾ ਹੈ। 2

(vi) ਸਰਕਾਰੀ ਖੇਤਰ ਲੋਕਾਂ ਦੇ ਕਲਿਆਣ ਦੇ ਉਦੇਸ਼ ਲਈ ਕੰਮ ਕਰਦਾ ਹੈ। 2

(vii) ਪਹਿਲਾ ਐਂਗਲੋ-ਸਿੱਖ ਯੁੱਧ 1848-49 ਵਿੱਚ ਹੋਇਆ। 2

(viii) ਭਾਰਤੀ ਲੋਕਤੰਤਰ ਨੇ ਹਰੇਕ ਨਾਗਰਿਕ ਦੇ ਮਾਣ ਵਿੱਚ ਵਾਧਾ ਕੀਤਾ ਹੈ। 2

**ੲ- ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

(ix) ਭਾਰਤ ਵਿੱਚ ਆਵਾਜਾਈ ਦਾ ਕਿਹੜਾ ਢੰਗ ਸਭ ਤੋਂ ਵੱਧ ਹਰਮਨ ਪਿਆਰਾ ਹੈ? 2

(x) ਉਦਾਰਵਾਦ ਦਾ ਕੀ ਅਰਥ ਹੈ? 2

(xi) ਚਾਬੀਆਂ ਵਾਲਾ ਮੋਰਚਾ ਕਿਉਂ ਲੱਗਾ? 2

(xii) ਵੀਟੋ ਪ੍ਰਾਪਤ ਦੇਸ਼ਾਂ ਦੇ ਨਾਂ ਲਿਖੋ? 2

**ਭਾਗ (ੲ)**

**3. ਹਰੇਕ ਪ੍ਰਸ਼ਨ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ:-** 6 x 3 = 18

(i) ਪਹਾੜੀ ਖੇਤਰ ਵਿੱਚ ਭੋਂ- ਖੋਰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ? 3

(ii) ਭਾਰਤ ਦਾ ਕਿਹੜਾ ਰਾਜ 'ਮਸਾਲਿਆਂ ਦਾ ਬਾਗ' ਹੈ ਤੇ ਕਿਉਂ? 3

(iii) ਦੁਰਲੱਭਤਾ ਤੋਂ ਕੀ ਭਾਵ ਹੈ? 3

(iv) ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਪਹਿਲਾਂ ਦੇ ਸਮੇਂ ਦੀ ਜਾਤ-ਪਾਤ ਬਾਰੇ ਲਿਖੋ। 3

(v) ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਸਿੱਖਿਆ ਬਾਰੇ ਲਿਖੋ। 3

(vi) ਕੋਈ ਆਮ ਵਿਦਿਆਰਥੀ ਸਾਰੇ ਦਿਨ ਵਿੱਚ ਕੀ-ਕੀ ਰੋਲ ਕਰਦਾ ਹੈ, ਨਾਮ ਲਿਖੋ। 3

**ਭਾਗ (ਸ)**

**4. ਸਰੋਤ ਅਧਾਰਿਤ ਪ੍ਰਸ਼ਨ** 4 x 3 = 12

ਦੇਸ਼ਾਂ ਦੀ ਤੁਲਨਾ ਕਰਨ ਲਈ, ਉਹਨਾਂ ਦੀ ਆਮਦਨ ਨੂੰ ਸਭ ਤੋਂ ਮਹੱਤਵਪੂਰਨ ਗੁਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵੱਧ ਆਮਦਨ ਵਾਲੇ ਦੇਸ਼ ਘੱਟ ਆਮਦਨ ਵਾਲੇ ਦੇਸ਼ਾਂ ਨਾਲੋਂ ਵੱਧ ਵਿਕਸਤ ਹਨ। ਇਹ ਇਸ ਸਮਝ 'ਤੇ ਅਧਾਰਤ ਹੈ ਕਿ ਵਧੇਰੇ ਆਮਦਨੀ ਦਾ ਮਤਲਬ ਹੈ ਉਨ੍ਹਾਂ ਸਾਰੀਆਂ ਵੱਧ ਚੀਜ਼ਾਂ ਜੋ ਮਨੁੱਖਾਂ ਨੂੰ ਲੋੜੀਂਦੀਆਂ ਹਨ। ਜੋ ਵੀ ਲੋਕਾਂ ਨੂੰ ਪਸੰਦ ਹੈ, ਅਤੇ ਉਹਨਾਂ ਕੋਲ ਹੋਣਾ ਚਾਹੀਦਾ ਹੈ, ਉਹ ਵੱਧ ਆਮਦਨ ਨਾਲ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਲਈ, ਵਧੇਰੇ ਆਮਦਨ ਆਪਣੇ ਆਪ ਨੂੰ ਇੱਕ ਮਹੱਤਵਪੂਰਨ ਟੀਚਾ ਮੰਨਿਆ ਜਾਂਦਾ ਹੈ। ਹੁਣ, ਇੱਕ ਦੇਸ਼ ਦੀ ਆਮਦਨ ਕੀ ਹੈ? ਸਹਿਜ ਰੂਪ ਵਿੱਚ, ਦੇਸ਼ ਦੀ ਆਮਦਨ ਦੇਸ਼ ਦੇ ਸਾਰੇ ਨਿਵਾਸੀਆਂ ਦੀ ਆਮਦਨ ਹੈ। ਇਸ ਨਾਲ ਸਾਨੂੰ ਦੇਸ਼ ਦੀ ਕੁੱਲ ਆਮਦਨ ਮਿਲਦੀ ਹੈ। ਹਾਲਾਂਕਿ, ਦੇਸ਼ਾਂ ਵਿਚਕਾਰ ਤੁਲਨਾ ਲਈ, ਕੁੱਲ ਆਮਦਨ ਅਜਿਹਾ ਉਪਯੋਗੀ ਮਾਪ ਨਹੀਂ ਹੈ। ਕਿਉਂਕਿ, ਦੇਸ਼ਾਂ ਦੀ ਆਬਾਦੀ ਵੱਖਰੀ ਹੁੰਦੀ ਹੈ, ਕੁੱਲ ਆਮਦਨ ਦੀ ਤੁਲਨਾ ਕਰਨ ਨਾਲ ਸਾਨੂੰ ਇਹ ਨਹੀਂ ਪਤਾ ਲੱਗੇਗਾ ਕਿ ਔਸਤ ਵਿਅਕਤੀ ਕੀ ਕਮਾ ਸਕਦਾ ਹੈ। ਕੀ ਇੱਕ ਦੇਸ਼ ਦੇ ਲੋਕ ਦੂਜੇ ਦੇਸ਼ ਦੇ ਲੋਕਾਂ ਨਾਲੋਂ ਬਿਹਤਰ ਹਨ? ਇਸ ਲਈ, ਅਸੀਂ ਔਸਤ ਆਮਦਨ ਦੀ ਤੁਲਨਾ ਕਰਦੇ ਹਾਂ ਜੋ ਦੇਸ਼ ਦੀ ਕੁੱਲ ਆਮਦਨ ਨੂੰ ਇਸਦੀ ਕੁੱਲ ਆਬਾਦੀ ਦੁਆਰਾ ਵੰਡਿਆ ਜਾਂਦਾ ਹੈ। ਔਸਤ ਆਮਦਨ ਨੂੰ ਪ੍ਰਤੀ ਵਿਅਕਤੀ ਆਮਦਨ ਵੀ ਕਿਹਾ ਜਾਂਦਾ ਹੈ। ਵਿਸ਼ਵ ਬੈਂਕ ਦੁਆਰਾ ਸਾਹਮਣੇ ਆਈਆਂ ਵਿਸ਼ਵ ਵਿਕਾਸ ਰਿਪੋਰਟਾਂ ਵਿੱਚ, ਇਸ ਮਾਪਦੰਡ ਦੀ ਵਰਤੋਂ ਦੇਸ਼ਾਂ ਨੂੰ ਸ਼੍ਰੇਣੀਬੱਧ ਕਰਨ ਲਈ ਕੀਤੀ ਜਾਂਦੀ ਹੈ। 2019 ਵਿੱਚ $ 49,300 ਪ੍ਰਤੀ ਸਾਲ ਅਤੇ ਇਸ ਤੋਂ ਵੱਧ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ਾਂ ਨੂੰ ਉੱਚ ਆਮਦਨੀ ਜਾਂ ਅਮੀਰ ਦੇਸ਼ ਕਿਹਾ ਜਾਂਦਾ ਹੈ ਅਤੇ $ 2500 ਜਾਂ ਇਸ ਤੋਂ ਘੱਟ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ਾਂ ਨੂੰ ਘੱਟ ਆਮਦਨ ਵਾਲੇ ਦੇਸ਼ ਕਿਹਾ ਜਾਂਦਾ ਹੈ। ਅਮੀਰ ਦੇਸ਼, ਮੱਧ ਪੂਰਬ ਦੇ ਦੇਸ਼ਾਂ ਅਤੇ ਕੁਝ ਹੋਰ ਛੋਟੇ ਦੇਸ਼ਾਂ ਨੂੰ ਛੱਡ ਕੇ, ਨੂੰ ਆਮ ਤੌਰ 'ਤੇ ਵਿਕਸਤ ਦੇਸ਼ ਕਿਹਾ ਜਾਂਦਾ ਹੈ।

**ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) ਪ੍ਰਤੀ ਵਿਅਕਤੀ ਆਮਦਨ ਦਾ ਮਹੱਤਵ ਦੱਸੋ। 3

(ii) ਪ੍ਰਤੀ ਵਿਅਕਤੀ ਆਮਦਨ ਦੇ ਅਧਾਰ 'ਤੇ ਦੇਸ਼ਾਂ ਦੇ ਵਰਗੀਕਰਣ ਕੀ ਹਨ? 3

(iii) ਇਹਨਾਂ ਵਰਗੀਕਰਨਾਂ ਨੂੰ ਨਿਰਧਾਰਤ ਕਰਨ ਲਈ ਕਿਹੜੀ ਇਕਾਈ ਜ਼ਿੰਮੇਵਾਰ ਹੈ? 3

(iv) ਵਿਕਸਤ ਦੇਸ਼ ਕਿਸ ਨੂੰ ਕਹਿੰਦੇ ਹਨ? 3

**ਭਾਗ (ਹ)**

**5. ਮਾਨ - ਚਿੱਤਰ:-** **3+3=6**

**(i)** ਦਿੱਤੇ ਗਏ ਭਾਰਤ ਦੇ ਮਾਨ **-** ਚਿੱਤਰ ਵਿੱਚ ਕੋਈ ਤਿੰਨ ਸਥਾਨ ਭਰੋ।

ਸਤਲੁੱਜ ਨਦੀ ਉੱਪਰ ਭਾਖੜਾ ਨੰਗਲ ਡੈਮ, ਚਿਲਕਾ ਝੀਲ, ਕੋਈ ਇੱਕ ਚੌਲ ਉਤਪਾਦਕ ਰਾਜ, ਕੋਈ ਇੱਕ ਕੋਲਾ ਉਤਪਾਦਕ ਖੇਤਰ, ਕੋਈ ਇੱਕ ਤੇਲ ਰਿਫਾਈਨਰੀ, ਕੋਈ ਇੱਕ ਸੂਤੀ ਕੱਪੜਾ ਉਦਯੋਗ ਖੇਤਰ 3

**(ii)** ਦਿੱਤੇ ਗਏ ਪੰਜਾਬ ਦੇ ਮਾਨ **-** ਚਿੱਤਰ ਵਿੱਚ ਕੋਈ ਤਿੰਨ ਸਥਾਨ ਭਰੋ।

ਆਨੰਦਪੁਰ ਸਾਹਿਬ, ਗੁਰਦਾਸ ਨੰਗਲ, ਲਾਹੌਰ, ਬੱਦੋਵਾਲ, ਗੁਜਰਾਤ, ਸਢੌਰਾ 3

**<u>ਦੇਖਣ ਤੋਂ ਅਸਮਰਥ ਵਿਦਿਆਰਥੀਆਂ ਲਈ ਨਕਸ਼ੇ ਦੀ ਥਾਂ ਵੱਖਰਾ ਪ੍ਰਸ਼ਨ:</u>**

(i) ਪੰਜਾਬ ਦੇ ਖਣਿਜ ਸਰਮਾਏ 'ਤੇ ਨੋਟ ਲਿਖੋ।

ਜਾਂ

ਜਲ ਆਵਾਜਾਈ ਦੇ ਲਾਭ ਲਿਖੋ। 3

(ii) ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਕਿਹੜੇ-ਕਿਹੜੇ ਸਥਾਨਾ 'ਤੇ ਗਏ?

ਜਾਂ

ਅਨੰਦ ਸਾਹਿਬ ਬਾਰੇ ਲਿਖੋ। 3